ਕੁਝ ਸਚੀਆਂ ਵਾਰਤਾਵਾਂ

2

# ਨਾਮੁ ਸਹਾਈ

ਪ੍ਰਕਾਸ਼ਕ

ਗੁਰਮਤਿ ਪ੍ਰਚਾਰ ਸਭਾ,

ਪਟਿਆਲਾ

ਭੇਟਾ :- 2/-

# ਨਾਮੁ ਸਹਾਈ

ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਕਿਹਾ ਕਰਦੇ ਸਨ ਕਿ ਸਾਡੇ ਪਾਪ ਭਾਵੇਂ ਕਿਤਨੇ ਵੀ ਹੋਣ, ਉਹ ਗਿਣਤੀ ਵਿਚ ਹਨ : ਹੱਦ ਵਿਚ ਹਨ। ਪਰ ਗੁਰੂ ਨਾਨਕ ਪਾਤਸ਼ਾਹ ਦੀ ਬਖ਼ਸ਼ਸ਼ ਹੱਦੋਂ ਬਾਹਰ ਹੈ। ਇਸ ਲਈ ਉਸ ਦੀ ਬਖ਼ਸ਼ਸ਼ ਤੋਂ ਕਦੀ ਵੀ ਨਿਰਾਸ ਨਹੀਂ ਹੋਣਾ ਚਾਹੀਦਾ। ਸਾਡਾ, ਗੁਰੂ ਦੀ ਸ਼ਰਨ ਵਿਚ ਆਉਣ ਦੀ ਦੇਰ ਹੈ ਉਸ ਦੀ ਬਖਸ਼ਸ਼ ਵਿਚ ਦੇਰ ਨਹੀਂ।

ਇਸ ਬਾਰੇ ਆਪ ਨੇ ਆਪਣੀ ਜਵਾਨੀ ਵੇਲੇ ਦੀ ਇਕ ਵਾਰਤਾ ਸੁਣਾਈ ਕਿ ਇਕ ਵਾਰ ਉਨ੍ਹਾਂ ਦਾ ਇਕ ਮਿਤਰ ਜਵਾਨੀ ਵਿਚ ਕੁਝ ਚਿਰ ਤੋਂ ਬੀਮਾਰ ਸੀ। ਉਸ ਨੇ ਭਾਈ ਸਾਹਿਬ ਨੂੰ ਸੱਦ ਭੇਜਿਆ ਕਿ ਆ ਕੇ ਮਿਲ ਜਾਵੋ।

ਡਾਕਟਰਾਂ ਨੇ ਉਸ ਦੀ ਬੀਮਾਰੀ ਦੀ ਹਾਲਤ ਵੇਖ ਕੇ ਕਹਿ ਦਿਤਾ ਸੀ ਕਿ ਇਸ ਦੀ ਹਾਲਤ ਕਾਫੀ ਖਰਾਬ ਹੈ ਤੇ ਜੀਵਨ ਦੀ ਡੋਰ ਹੁਣ ਬਹੁਤੀ ਲੰਮੇਰੀ ਨਹੀ ਜਾਪਦੀ।

ਭਾਈ ਸਾਹਿਬ ਦੇ ਆਉਣ ਤੇ ਉਹ ਸੱਜਣ ਉਨ੍ਹਾਂ ਅਗੇ ਫੁੱਟ-ਫੁੱਟ ਕੇ ਰੋਇਆ। ਉਹ-ਬੜੀ ਨਿਰਾਸਤਾ ਦੀ ਹਾਲਤ

ਵਿਚ ਸੀ ਤੇ ਕਹਿਣ ਲਗਾ ਕਿ ਡਾਕਟਰਾਂ ਨੇ ਕਹਿ ਦਿਤਾ ਹੈ ਕਿ ਮੈਂ ਹੁਣ ਥੁਹੜੇ ਦਿਨਾਂ ਦਾ ਹੀ ਮਹਿਮਾਨ ਹਾਂ। ਜਦ ਤੋਂ ਹੋਸ਼ ਸੰਭਾਲੀ ਹੈ, ਕੋਈ ਨੇਕੀ ਦਾ ਕੰਮ ਨਹੀਂ ਕੀਤਾ ਜਿਸ ਕਰ ਕੇ ਮਰਨ ਤੋਂ ਡਰ ਲਗਦਾ ਹੈ। ਕੋਈ ਮਦਦਗਾਰ ਨਜ਼ਰ ਨਹੀਂ ਆਉਦਾਂ, ਮੇਰੀ ਰੂਹ ਦਾ ਕੀ ਬਣੇਗਾ ? ਮਰ ਕੇ ਵੀ ਸ਼ਾਂਤੀ ਕੀ ਮਿਲਣੀ ਹੈ ? ਮੈਨੂੰ ਰਾਤ ਦਿਨ ਇਹੋ ਡਰ ਖਾਈ ਜਾ ਰਿਹਾ ਹੈ। ਇਹ ਕਹਿ ਕੇ ਉਹ ਫਿਰ ਢਾਹਾਂ ਮਾਰ ਕੇ ਰੋਣ ਲਗ ਪਿਆ।

ਭਾਈ ਸਾਹਿਬ ਨੇ ਉਸ ਨੂੰ ਬੜਾ ਦਿਲਾਸਾ ਦਿਤਾ ਤੇ ਕਿਹਾ ਕਿ ਦਸ ! ਸਮੁੰਦਰ ਵਡਾ ਹੁੰਦਾ ਹੈ ਕਿ ਜਹਾਜ਼ ?

ਉਸ ਨੇ ਨਿੰਮ੍ਰਤਾ ਨਾਲ ਉਤਰ ਦਿਤਾ ਕਿ ਸਮੁੰਦਰ ਵਡਾ ਹੁੰਦਾ ਹੈ। ਉਸ ਵਿਚ ਹਜ਼ਾਰਾ- ਕਰੋੜਾਂ ਜਹਾਜ਼ ਗਰਕ ਹੋ ਜਾਣ ਤਾਂ ਵੀ ਪਤਾ ਨ ਲਗੇ।

ਭਾਈ ਸਾਹਿਬ ਨੇ ਕਿਹਾ- ਇਹ ਠੀਕ ਹੈ, ਤੂੰ ਵੀ ਇਸੇ ਤਰਾਂ ਸਮਝ ਕਿ ਸਮੁੰਦਰ ਵਾਂਗੂੰ ਗੁਰੂ ਨਾਨਕ ਪਾਤਸ਼ਾਹ ਦੀ ਬਖਸ਼ਸ਼ ਅਥਾਹ ਹੈ। ਇਸ ਵਿਚ ਕਿਤਨੇ ਹੀ ਪਾਪ ਹੋਣ ਸਭ ਗ਼ਰਕ ਹੋ ਜਾਂਦੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਦੀ ਬਖਸ਼ਸ਼ ਨੂੰ ਕੋਈ ਛੋਟੀ ਜਿਹੀ ਚੀਜ਼ ਨ ਸਮਝ ਅਤੇ ਆਪਣੇ ਕੀਤੇ ਪਾਪਾਂ ਤੋਂ ਨ ਡਰ। ਪਾਪ ਜਿਤਨੇ ਵੀ ਹਨ ਉਹ ਗਿਣਤੀ ਵਿਚ

ਹਨ ਪਰ ਮੇਰੇ ਗੁਰੂ ਨਾਨਕ ਦੀ ਮਿਹਰ ਤੇ ਬਖਸ਼ਸ਼ ਕਿਸੇ ਹੱਦ ਵਿਚ ਨਹੀ, ਬੇ ਅੰਤ ਹੈ : ਸਿਰਫ ਗੁਰੂ ਨਾਨਕ ਦੇ ਹੋਣ ਦੀ ਲੋੜ ਹੈ। ਗੁਰੂ ਨਾਨਕ ਦਾ ਦਰ ਮਲਣ ਦੀ ਲੋੜ ਹੈ।

ਉਸ ਨੇ ਫੇਰ ਪੁਛਿਆ ਕਿ ਦਸੋ ! ਹੁਣ ਫਿਰ ਮੈਂ ਕੀ ਕਰਾਂ ? ਹੁਣ ਇਨਾਂ ਰੰਹਿਦੇ ਥੁਹੜੇ ਦਿਨਾਂ ਵਿਚ ਕੀ ਬਣ ਸਕਦਾ ਹੈ ? ਸਾਰੀ ਉਮਰ ਤਾਂ ਮੈਂ ਬਾਬੇ ਨਾਨਕ ਦੇ ਦਰ ਤੇ ਆਇਆ ਹੀ ਨਾਂਹ।

ਭਾਈ ਸਾਹਿਬ ਨੇ ਕਿਹਾ, ਹਾਲਾਂ ਵੀ ਕੁਝ ਨਹੀਂ ਵਿਗੜਿਆ, ਹੁਣ ਹੀ ਸਤਿਗੁਰ ਦੀ ਸ਼ਰਨ ਪੈ ਜਾਹ ਤੇ 'ਵਾਹਿਗੁਰੂ- ਵਾਹਿਗੁਰੂ' ਜਾਪ ਕਰਨਾ ਆਰੰਭ ਦੇਹ। ਦਿਨ ਰਾਤ ਜਾਪ ਵਿਚ ਜੁਟ ਜਾ। ਸਤਿਗੁਰ ਨਾਨਕ ਬਖਸ਼ਿੰਦ ਹੈ। ਉਸ ਦੀ ਬਖਸ਼ਸ਼ ਤੋਂ ਆਦਮੀ ਨੂੰ ਕਦੀ ਵੀ ਨਿਰਾਸ ਨਹੀਂ ਹੋਣਾ ਚਾਹੀਦਾ। ਬਾਬਾ ਨਾਨਕ ਹੁਣ ਵੀ ਤੈਨੂੰ ਆਪਣੀ ਗੋਦ ਵਿਚ ਲੈ ਲਵੇਗਾ। ਸਾਰੇ ਫਿਕਰ ਤੇ ਚਿੰਤਾ ਛਡ ਕੇ ਵਾਹਿਗੁਰੂ ਨਾਮ ਦੇ ਅਰਾਧਣ ਵਿਚ ਲਗ ਜਾਹ।

ਭਾਈ ਸਾਹਿਬ ਦੀ ਗਲ ਸੁਣ ਕੇ ਉਸ ਨੂੰ ਕੁਝ ਚੈਨ ਆ ਗਿਆ, ਭਰੋਸਾ ਬੱਝ ਗਿਆ ਤੇ ਉਸ ਨੇ 'ਵਾਹਿਗੁਰੂ' ਦਾ ਸਿਮਰਨ ਕਰਨਾ ਸ਼ੁਰੂ ਕਰ ਦਿਤਾ। ਤੇ ਇਸ ਤਰਾਂ ਉਸ ਦੇ ਲਗਾਤਾਰ ਨਾਮ ਜਪਦਿਆਂ ਦੋ ਦਿਨ ਲੰਘ ਗਏ।

ਅਗਲੇ ਦਿਨ ਭਾਈ ਸਾਹਿਬ ਨੇ ਉਸ ਨੂੰ ਸੁਫਨੇ ਵਿਚ ਵੇਖਿਆ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੀ ਪਰਕਰਮਾਂ ਵਿਚ ਜੋ ਇਲਾਇਚੀ ਬੇਰ ਹੈ, ਉਸ ਦੀ ਇਕ ਟਹਿਣੀ ਤੇ ਬੈਠਾ ਹੈ ਤੇ ਬੜਾ ਖੁਸ਼ ਹੈ।

ਜਦ ਭਾਈ ਸਾਹਿਬ ਬੇਰੀ ਦੇ ਕੋਲ ਗਏ ਤਾ ਉਹ ਉਨ੍ਹਾਂ ਨੂੰ ਕਹਿਣ ਲਗਾ, ''ਭਾਈ ਸਾਹਿਬ ! ਸਤਿਗੁਰਾਂ ਦੀ ਬਖ਼ਸ਼ਸ਼ ਹੋ ਗਈ ਹੈ, ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕੀਤੀ, ਮੈਨੂੰ ਆਪਣੇ ਦਰ ਤੇ ਸੱਦ ਲਿਆ ਹੈ ਤੇ ਮੈਂ ਇਥੇ ਆ ਗਿਆ ਹਾਂ। ਦੇਖੋ ! ਕਿਹੇ ਸੁਹਣੇ ਮਿਠੇ ਬੇਰ ਹਨ, ਲਓ ਤੁਸੀ ਵੀ ਖਾਓ।''

ਇਤਨੇ ਨੂੰ ਭਾਈ ਸਾਹਿਬ ਦੀ ਅੱਖ ਖੁਲ ਗਈ। ਉਸ ਸਮੇਂ ਰਾਤ ਦੇ ਸਵਾ ਇਕ (੧.੧੫) ਵਜੇ ਸਨ। ਸਵੇਰ ਹੁੰਦੇ ਹੀ ਭਾਈ ਸਾਹਿਬ ਨੇ ਬੰਦਾ ਭੇਜ ਕੇ ਉਸ ਦੀ ਹਾਲਤ ਦਾ ਜਦ ਪਤਾ ਕਰਾਇਆ ਤਾਂ ਪਤਾ ਲਗਾ ਕਿ ਉਹ ਰਾਤ ਪੂਰੇ ਸਵਾ ਇਕ ਵਜੇ (੧.੧੫) ਗੁਜਰ ਗਿਆ ਸੀ। ਇਸ ਤਰਾਂ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿਚ ਦਿਸਣ ਤੇ ਸਹੀ ਹੁੰਦਾ ਸੀ ਕਿ ਉਸ ਦੀ ਆਤਮਾ ਦੋ ਦਿਨ ਦੇ ਸਿਮਰਨ ਨਾਲ ਹੀ ਸੁਖੀ ਤੇ ਗੁਰੂ ਦੀ ਮਿਹਰ ਦੀ ਪਾਤਰ ਬਣ ਗਈ ਸੀ।

ਇਸ ਤਰ੍ਹਾਂ ਭਾਈ ਸਾਹਿਬ ਕਹਿੰਦੇ ਹਨ ਕਿ ਜੇ ਕੋਈ ਪੰਜ ਮਿੰਟ ਵੀ ਰੋਜ਼ ਨੇਮ ਨਾਲ ਨਾਮ ਦਾ ਸਿਮਰਨ ਕਰੇ ਤਾਂ ਉਹ

ਪਰਲੋਕ ਲਈ ਆਪਣੇ ਵਾਸਤੇ ਕਾਫੀ ਨਾਮ ਧਨ ਦਾ ਤੋਸ਼ਾ ਇਕਠਾ ਕਰ ਲੈਂਦਾ ਹੈ, ਜਿਥੇ ਮਰਨ ਤੋਂ ਬਾਅਦ ਇਹੋ ਧਨ ਹੀ ਕੰਮ ਆਉਂਦਾ ਹੈ। ਇਸ ਕਰ ਕੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਨੇ ਕਿਹਾ ਹੈ :-

*"ਏਕ ਘੜੀ ਆਧੀ ਘੜੀ, ਆਧੀ ਹੂੰ ਤੇ ਆਧ।"*

ਅੱਧੀ ਤੋਂ ਅੱਧੀ ਘੜੀ ਪੰਜ ਮਿੰਟ ਦੇ ਹੀ ਬਰਾਬਰ ਹੁੰਦੀ ਹੈ। ਇਸ ਲਈ ਨਾਮ ਜਪੋ। ਜਰੂਰ ਜਪੋ। ਕਿਸੇ ਸੰਤ- ਸਾਧੂ ਦੇ ਦਰ ਤੇ ਭਟਕਣ ਦੀ ਲੋੜ ਨਹੀਂ। ਨਾਮ ਦੀ ਕਮਾਈ ਆਪਣੀ ਹੀ ਕੀਤੀ ਕੰਮ ਆਉਂਦੀ ਹੈ। ਦੂਸਰਾ ਕਿਸੇ ਨੂੰ ਭੋਰਾ ਭਰ ਵੀ ਨਹੀਂ ਦੇ ਸਕਦਾ। ਜਿਹੜਾ ਰੋਟੀ ਖਾਂਦਾ ਹੈ ਰੱਜ ਉਸੇ ਨੂੰ ਹੀ ਆਉਂਦਾ ਹੈ।

## ਪੰਜ ਮਿੰਟ ਨਾਮ ਜਪਣਾ

ਭਾਈ ਸਾਹਿਬ ਜੀ ਨੇ ਇਕ ਵਾਰ ਦਸਿਆ ਕਿ ਉਨ੍ਹਾਂ ਨੂੰ ਇਕ ਵਾਰ ਬੰਬਈ ਵਿਖੇ ਇਕ ਪੜੀ ਲਿਖੀ ਬੀਬੀ ਮਿਲਣ ਆਈ ਤੇ ਕਹਿਣ ਲਗੀ ਕਿ ਮੇਰਾ ਮਨ ਬੜਾ ਅਸ਼ਾਂਤ ਰਹਿੰਦਾ ਹੈ। ਆਪ ਮੈਨੂੰ ਕੋਈ ਸਿਖਿਆ ਬਖਸ਼ੋ ਜਿਸ ਨਾਲ ਮੇਰਾ ਮਨ ਸੁਖੀ ਹੋਵੇ।

ਆਪ ਨੇ ਉਸ ਬੀਬੀ ਪ੍ਰਤੀ ਬਚਨ ਕੀਤਾ ਕਿ ਬੱਚਾ! ਅੰਮ੍ਰਿਤ ਵੇਲੇ ਉਠ ਕੇ ਸਭ ਤੋਂ ਪਹਿਲਾਂ ਪੰਜ ਮਿੰਟ 'ਨਾਮ

ਸਿਮਰਨ' ਕੀਤਾ ਕਰ। ਫਿਰ ਆਪ ਅੰਮ੍ਰਿਤਸਰ ਆ ਗਏ। ਤਿੰਨ ਮਹੀਨੇ ਪਿਛੋਂ ਉਸ ਬੀਬੀ ਨੇ ਭਾਈ ਸਾਹਿਬ ਜੀ ਨੂੰ ਇਕ ਚਿਠੀ ਲਿਖੀ ਜਿਸ ਵਿਚ ਦਸਿਆ ਕਿ ਮੈਂ ਹਰ ਰੋਜ਼ ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ 'ਨਾਮ ਸਿਮਰਨ' ਵਿਚ ਬੈਠਦੀ ਹਾਂ ਪਰ ਮੇਰਾ ਮਨ ਕੇਵਲ ਤਿੰਨ ਮਿੰਟ ਹੀ ਲਗਦਾ ਹੈ ਤੇ ਫਿਰ ਉਠਣ ਨੂੰ ਜੀ ਕਰਦਾ ਹੈ। ਲੇਕਿਨ ਮੈਂ ਪੂਰੇ ਪੰਜ ਮਿੰਟ ਨਾਮ ਸਿਮਰਨ ਕਰਦੀ ਰਹਿੰਦੀ ਹਾਂ, ਜਿਵੇਂ ਆਪ ਜੀ ਨੇ ਮੈਨੂੰ ਸਿਖਿਆ ਦਿਤੀ ਸੀ। ਮੈਂ ਅਗੋਂ ਵੀ ਅੰਮ੍ਰਿਤ ਵੇਲੇ ਹਰ ਰੋਜ਼ ਪੰਜ ਮਿੰਟ 'ਨਾਮ-ਸਿਮਰਨ' ਵਿਚ ਬੈਠਾਂਗੀ, ਚਾਹੇ ਮੇਰਾ ਮਨ ਲਗੇ ਯਾ ਨ ਲਗੇ।

ਜਿਸ ਸਜਣ ਨੇ ਇਹ ਚਿਠੀ ਪੜ੍ਹ ਕੇ ਸੁਣਾਈ ਉਸ ਨੇ ਪੁਛਿਆ, ''ਜੀਓ ਜੀ ! ਇਹ ਬੀਬੀ ਕੌਣ ਹੈ ?''

ਆਪ ਨੇ ਦਸਿਆ ਕਿ ਇਹ ਬੰਬਈ ਦੀ ਇਕ ਐਜੂਕੇਟਡ ਲੜਕੀ ਹੈ।

ਉਸ ਸਜਨ ਨੇ ਫਿਰ ਪੁਛਿਆ ਕਿ ਕੀ ਇਹ ਲੜਕੀ ਵੀ ਨਾਮ ਸਿਮਰਨ ਵਿਚ ਕਾਮਯਾਬ ਹੋਵੇਗੀ, ਜਿਹੜੀ ਕਹਿੰਦੀ ਹੈ ਕਿ ਮੇਰਾ ਮਨ ਤਿੰਨ ਮਿੰਟ ਤੋਂ ਵਧੀਕ ਨਹੀਂ ਲਗਦਾ ?

ਆਪ ਨੇ ਫੁਰਮਾਇਆ ਕਿ ਇਹ ਬਚੀ ਗੁਰੂ ਮਿਹਰ ਨਾਲ ਕਾਮਿਯਾਬ ਹੋਵੇਗੀ, ਕਿਉਕਿ ਇਸ ਨੇ ਲਿਖਿਆ ਹੈ ਕਿ ਮੈਂ

ਨਾਮ ਸਿਮਰਨ ਛੋੜਾਂਗੀ ਨਹੀਂ । ਜੋ ਜੀਵ ਪੱਕੇ ਇਰਾਦੇ ਨਾਲ ਇਸ ਪਾਸੇ ਲਗ ਜਾਂਦਾ ਹੈ, ਉਹ ਜ਼ਰੂਰ ਕਾਮਿਯਾਬ ਹੁੰਦਾ ਹੈ ।

ਦੂਜੇ ਸਾਲ ਫਿਰ ਜਦ ਭਾਈ ਸਾਹਿਬ ਬੰਬਈ ਗਏ ਤਾਂ ਆਪ ਨੇ ਉਸ ਬੀਬੀ ਨੂੰ ਆਪਣੇ ਪਿਤਾ ਦੇ ਨਾਲ ਮੋਟਰ ਵਿਚ ਬੈਠਿਆਂ ਵੇਖਿਆਂ ਜੋ ਅੰਗੂਠੇ ਨੂੰ ਟਿਕਾ ਕੇ ਚਾਰ ਉਂਗਲਾਂ ਨਾਲ ਕੁਝ ਕਰ ਰਹੀ ਸੀ । ਆਪ ਨੇ ਪੁਛਿਆ ਕਿ ਬਚਾ ! ਤੂੰ ਇਹ ਕੀ ਕਰ ਰਹੀਂ ਹੈਂ ?

ਉਸ ਨੇ ਕਿਹਾ, ਜੀ ! ਉਂਗਲਾਂ ਨਾਲ 'ਵਾ' 'ਹਿ' 'ਗੁ' 'ਰੂ', 'ਵਾ' 'ਹਿ' 'ਗੁ' 'ਰੂ' ਕਰ ਰਹੀ ਹਾਂ ।

ਭਾਈ ਸਾਹਿਬ ਨੇ ਪੁਛਿਆ ਕਿ ਬਚਾ ਜੀਓ । ਅੰਮ੍ਰਿਤ ਵੇਲੇ ਵੀ ਉਠ ਕੇ ਨਾਮ ਸਿਮਰਨ ਕਰਦੇ ਹੋ ?

ਉਸ ਨੇ ਕਿਹਾ, "ਹਾਂ ਜੀ !" ਆਪ ਜੀ ਦੇ ਪੁਛਣ ਤੇ ਉਸ ਨੇ ਦਸਿਆ ਕਿ ਹੁਣ ਮੈਂ ਅੰਮ੍ਰਿਤ ਵੇਲੇ ਅੱਧਾ ਘੰਟਾ ਸਿਮਰਨ ਕਰਦੀ ਹਾਂ । ਹੁਣ ਮੇਰੇ ਮਨ ਦੀ ਸਾਰੀ ਕਲਪਣਾ ਦੂਰ ਹੋ ਗਈ ਹੈ । ਵਾਹਿਗੁਰੂ ਸਿਮਰਨ ਬਹੁਤ ਮਿਠਾ ਤੇ ਪਿਆਰਾ ਲਗਦਾ ਹੈ ਤੇ ਜੀ ਛੋੜਨ ਨੂੰ ਨਹੀਂ ਕਰਦਾ ।

ਆਪ ਜੀ ਨੇ ਦਸਿਆ ਕਿ ਪਹਿਲਾਂ ਉਸ ਬੀਬੀ ਦੇ ਮਨ ਦੀ ਹਾਲਤ ਗੁਰਬਾਣੀ ਦੀ ਤੁਕ :-

*ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥*

ਵਾਲੀ ਸੀ। ਮੈਲ ਕੱਟੀ ਜਾ ਰਹੀ ਸੀ ਪਰ ਅਜੇ ਸੁਆਦ ਨਹੀਂ ਆਉਦਾ ਸੀ। ਇਕ ਸਾਲ ਦੀ ਕਮਾਈ ਪਿਛੋਂ ਉਸ ਦੇ ਮਨ ਦੀ ਹਾਲਤ ਇਸ ਗੁਰਵਾਕ ਦੀ ਦੂਜੀ ਤੁਕ ਵਾਲੀ ਹੋ ਗਈ ਭਾਵ :-

*ਅੰਮ੍ਰਿਤ ਨਾਮ ਰਿਦ ਮਾਹਿ ਸਮਾਇ ॥*

ਓਹੀ ਅੰਮਿਤ ਨਾਮ, ਜਿਸ ਵਿਚ ਪਹਿਲਾਂ ਮਨ ਨਹੀਂ ਲਗਦਾ ਸੀ, ਹੁਣ ਅੰਮ੍ਰਿਤ ਰੂਪੀ ਰਸਦਾਇਕ ਹੋ ਕੇ ਮਿੱਠਾ ਲਗ ਰਿਹਾ ਸੀ।

## ਯਾਦ ਰਹਿਣ ਵਾਲੀ ਗਲ

ਨਾਮ ਜਪਣ ਵਾਲੇ ਨੂੰ ਹਮੇਸ਼ਾਂ ਯਾਦ ਰਖਣਾ ਚਾਹੀਦਾ ਹੈ ਕਿ ਇਸ ਦਿਸਦੇ ਅਤੇ ਵਸਦੇ ਸੰਸਾਰ ਵਿਚ ਇਸ ਦਾ ਮਾਲਕ ਅਤੇ ਪਾਲਕ ਆਪ ਵਸਦਾ ਹੈ : ਪਰ ਦਿਸਦਾ ਨਹੀਂ।

ਉਸਦਾ ਕੋਈ ਰੂਪ- ਰੇਖ ਜਾਂ ਰੰਗ ਨਹੀਂ ਹੈ। ਪਰ ਹੈ। ਉਹ ਸਭ ਵਿਚ ਵਸਦਾ। ਉਹ ਨਿਰੰਕਾਰ ਹੈ, ਉਹ ਜੋਤ ਸਰੂਪ ਹੈ...। ਉਸ ਜੋਤੀ ਸਰੂਪ ਨੂੰ ਆਖੋ 'ਨਾਮੀ'। ਅਤੇ ਉਸ ਦੇ ਨਾਂਉ ਨੂੰ ਆਖੋ 'ਨਾਮ'।

ਸੋ ਨਾਮ ਜਪਣ ਵੇਲੇ ਨਾਮੀ ਦੀ ਭਾਵਨਾ ਧਾਰਨ ਕਰੀ ਰਖਣੀ ਚਾਹੀਦੀ ਹੈ।

ਸਿਮਰਨ ਦਾ ਅਰਥ ਹੈ- ਯਾਦ- ਪਿਆਰ ਭਰੀ ਯਾਦ। ਇਸ ਤਰਾਂ ਨਾਮ ਸਿਮਰਨ ਤੋਂ ਭਾਵ ਉਸ ਅਕਾਲ ਪੁਰਖ ਸਿਰਜਣਹਾਰ, ਜੋ ਸਾਰੇ ਜੀਵਾਂ ਦਾ ਮਾਲਕ ਤੇ ਪ੍ਰਤਿਪਾਲਕ ਹੈ, ਦੇ ਗੁਣਾਂ ਦਾ ਚਿੰਤਨ ਕਰ ਕੇ ਉਸ ਨਾਲ ਪਿਆਰ- ਯਾਦ ਕਾਇਮ ਕਰਨੀ ਹੈ।

ਨਾਮ ਜਪ ਦਾ ਤਰੀਕਾ ਭਾਈ ਸਾਹਿਬ 'ਰਾਣਾ ਸੂਰਤ ਸਿੰਘ' ਵਿਚ ਇਸ ਤਰਾਂ ਲਿਖਦੇ ਹਨ :-

*ਪਿਛਲੀ ਹੋ ਜਦ ਰਾਤ ਅੰਮ੍ਰਿਤ ਵੇਲੜੇ*
*ਆ ਕੇ ਵਿਚ ਦੀਵਾਨ ਜਪਣਾ ਨਾਮ ਨੂੰ,*
*ਯਾ ਬਹਿ ਕੇ ਏਕਾਂਤ ਨਾਮ ਧਿਆਵਣਾ*
*ਝਾਲਾਂਗੇ, ਆਰਾਧ ਲਉ ਜਿ ਰਬ ਨੂੰ,*
*ਸਾਰਾ ਦਿਨ ਹੋ ਵਾਸ ਸੁਰਤ ਚਿ ਨਾਮ ਦਾ :*
*ਨਾਮ ਰਸਾਯਣ ਮੌਜ ਦਿਨੇ ਨ ਤੁਟਦੀ,*
*ਗ਼ਮ ਚਿੰਤਾ ਰਹਿ ਦੂਰ, ਮਿਟੇ ਉਪਾਧਿ ਹੈ।*

## ਗੁਰੂ ਅੰਗ- ਸੰਗ

*ਗੁਰ ਮੇਰੇ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥*

ਪੰਗਤੀ ਦੀ ਵਿਆਖਿਆ ਕਰਦਿਆਂ ਇਕ ਵਾਰ ਆਪ

ਜੀ ਨੇ ਦਸਿਆ ਕਿ ਸਤਿਗੁਰ ਸਚੇ ਪਾਤਸ਼ਾਹ ਸਾਡੇ ਅੰਗ-ਸੰਗ ਹਨ : ਵਾਹਿਗੁਰੂ ਜੀ ਹਮੇਸ਼ਾਂ ਸਾਡੇ ਨਾਲ ਹਨ। ਹੇ ਜੀਵ ! ਤੂੰ ਬਾਰ ਬਾਰ ਸਿਮਰਨ ਕਰ : ਜੇ ਪਿਛੇ ਸਿਮਰਨ ਨਹੀਂ ਕੀਤਾ ਤਾਂ ਰੋ ਨਾਂਹ, ਲੰਘ ਗਿਆ ਵਕਤ ਵਾਪਸ ਨਹੀਂ ਆ ਸਕਦਾ, ਹੁਣ ਨੂੰ ਸੰਭਾਲ, ਯਾਦ ਕਰ, ਜੇ ਚਿਤ ਨਹੀਂ ਲਗਦਾ ਤਾਂ ਸੁਹਣੇ ਸਤਿਗੁਰਾਂ ਅਗੇ ਅਰਦਾਸ ਕਰ। ਗੁਰੂ ਸਾਹਿਬ ਮਦਦ ਕਰਨਗੇ। ਫੇਰ ਸਿਮਰਨ ਵਿਚ ਮਨ ਲਗੇਗਾ। ਸਿਮਰਨ ਕਰਦਿਆਂ ਕਰਦਿਆਂ ਕੋਈ ਸੁਭਾਗ ਦਿਨ ਆਵੇਗਾ ਜਦ ਉਹ ਛਿੰਨ ਪ੍ਰਾਪਤ ਹੋਵੇਗੀ ਜਿਸ ਬਾਬਤ ਹੀ ਕਲਗੀਧਰ ਪਾਤਸ਼ਾਹ ਦਾ ਬਚਨ ਹੈ :-

*ਏਕ ਚਿਤ ਜਿਹ ਇਕ ਛਿਨ ਧਿਆਇਓ ॥*
*ਕਾਲ ਫਾਸ ਕੇ ਬੀਚ ਨ ਆਇਓ ॥*

ਅਸਲ ਤਰੀਕਾ ਇਹੀ ਹੈ।

## II

ਭਾਈ ਸਾਹਿਬ ਇਕ ਥਾਂ ਹੋਰ ਲਿਖਦੇ ਹਨ ਕਿ ਔਕੜ ਵੇਲੇ ਨਾਮ ਹੀ ਸਹਾਈ ਹੁੰਦਾ ਹੈ। ਜਿਸ ਮੁਸ਼ਕਲ ਵਿਚ ਕੋਈ ਢੋਈ ਨ ਦੇ ਸਕੇ, ਉਸ ਸਮੇਂ ਨਾਮ ਹੀ ਰਖਿਆ ਕਰਦਾ ਹੈ। ਤਾਂ ਹੀ ਗੁਰੂ ਪਾਤਸ਼ਾਹ ਕਹਿੰਦੇ ਹਨ :-

ਜਾ ਕਉ ਮੁਸ਼ਕਲੁ ਅਤਿ ਬਣੈ
ਢੋਈ ਕੋਈ ਨ ਦੇਇ ॥
ਲਾਗੂ ਹੋਏ ਦੁਸਮਨਾ
ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ
ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ
ਲਗੈ ਨ ਤਤੀ ਵਾਉ ॥

ਨਹਿਰ ਦੇ ਮਹਿਕਮੇ ਵਿਚ ਇਕ ਸਿਖ ਇੰਜੀਨੀਅਰ ਸਨ। ਉਨਾਂ ਨੂੰ ਨਾਮ ਦੀ ਕਣੀ ਕਿਸੇ ਗੁਰਮੁਖ ਤੋਂ ਮਿਲੀ ਸੀ ਤੇ ਉਨ੍ਹਾਂ ਕੁਝ ਘਾਲ ਵੀ ਕੀਤੀ ਸੀ।

ਕੁਝ ਪਿਛਲੇ ਕਰਮਾਂ ਕਰ ਕੇ ਐਸੇ ਕਾਰਨ ਹੋ ਗਏ ਜੋ ਉਨ੍ਹਾਂ ਦੇ ਆਪਣੇ ਮਹਿਕਮੇ ਦੇ ਅਫਸਰਾਂ ਨਾਲ ਅਣਬਣ ਹੋ ਗਈ। ਆਪਸ ਦੇ ਸਬੰਧ ਬਹੁਤ ਵਿਗੜ ਗਏ। ਉਨ੍ਹਾਂ ਨੇ ਕਿਸੇ ਝੂਠੇ ਵਲੇਵੇ ਵਿਚ ਇਸ ਨੂੰ ਫਸਾ ਕੇ ਬਦਨਾਮ ਤੇ ਖ਼ੁਆਰ ਕਰਨ ਦੀ ਵਿਉਂਤ ਬਣਾਈ।

ਇਨ੍ਹਾਂ ਦੀ ਸੁਰਤ, ਜੋ ਹਾਲਾਂ ਪੱਕੀ ਨਹੀਂ ਸੀ, ਡੋਲ ਗਈ। ਇਨ੍ਹਾਂ ਨੇ ਬਦਨਾਮੀ ਤੋਂ ਡਰਦਿਆ ਆਤਮਘਾਤ ਕਰਨ ਦਾ ਪੱਕਾ ਇਰਾਦਾ ਕਰ ਲਿਆ। ਨਹਿਰ ਤੇ ਜਾ ਕੇ ਕੋਟ ਲਾਹ ਕੇ

ਰਖਿਆ ਤੇ ਪਾਣੀ ਵਿਚ ਛਾਲ ਮਾਰਨ ਹੀ ਲਗੇ ਸਨ ਕਿ ਮਨ ਦੀ ਡੂੰਘਾਈ ਵਿਚੋਂ ਨਾਮ ਸਫੁਰਨ ਹੋ ਗਿਆ। ਜਦ ਨਾਮ ਰਸਨਾ ਤੇ ਆਇਆ ਤਾਂ ਨਾਲ ਹੀ ਵਾਹਿਗੁਰੂ ਦੀ ਪ੍ਰਤੀਤੀ ਹੋ ਆਈ। ''*ਗੁਰ ਮੇਰੇ ਸੰਗਿ ਸਦਾ ਹੈ ਨਾਲੇ*'' ਦੀ ਯਾਦ ਹੋ ਆਈ। ਜੋ ਸਵਾਮੀ ਸਭ ਦਾ ਰਾਖਾ ਹੈ, ਉਹ ਨਾਮ ਦੇ ਨਾਲ ਹੀ ਆ ਗਿਆ। ਹਿਰਦੇ ਵਿਚ ਆਇਆ ਕਿ ਮੈਂ ਤਾਂ ਸੱਚਾ ਹਾਂ, ਕੋਈ ਖੁਨਾਮੀ ਨਹੀਂ ਕੀਤੀ, ਮੈਂ ਕਿਉਂ ਡਰਾਂ ? ਨਾਲ ਹੀ ਬਾਣੀ ਦੀ ਤੁਕ ਯਾਦ ਆ ਗਈ :-

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥*

ਬੱਸ, ਸਿੰਘ ਸਾਹਿਬ ''ਵਾਹਿਗੁਰੂ- ਵਾਹਿਗੁਰੂ'' ਕਰਨ ਲਗ ਪਏ। ਕੋਈ ਅਮਰੀ ਕਾਂਗ ਆਈ, ਇਨ੍ਹਾਂ ਦੀ ਸੁਰਤ ਚੜ੍ਹਾਉ ਵਿਚ ਹੋ ਗਈ। ਉਹ ਜੋ ਭੈ ਲਗ ਰਿਹਾ ਸੀ, ਜਿਸ ਕਰਕੇ ਇਹ ਆਤਮਘਾਤ ਕਰਨ ਲਗੇ ਸਨ, ਹੱਟ ਗਿਆ। ਨਾਮ ਦੇ ਆਸਰੇ ਹੋ ਕੇ ਨਿਰਭਉ ਹੋ ਗਏ। ਮਨ ਵਿਚ ਸ਼ਾਂਤੀ ਆ ਗਈ। ਇਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਵਾਹਿਗੁਰੂ ਦਾ ਸ਼ੁਕਰ ਕੀਤਾ।

ਓਧਰ ਉਨ੍ਹਾਂ ਦਾ ਸੱਚ ਉਘੜ ਆਇਆ ਤੇ ਵਿਰੋਧੀਆਂ ਦੀ ਚਾਲ ਨਿਸਫਲ ਹੋ ਗਈ। ਇਉ ਨਾਮ ਨੇ ਉਸ ਨੂੰ ਤੱਤੀ ਵਾਉ ਭੀ ਨਾ ਲਗਣ ਦਿਤੀ।

## ਚਾਰ ਗਲਾਂ

- ਨਾਮ ਜਪਣ ਦੀ ਸਫਲਤਾ ਲਈ ਸਥਾਨ ਜਿਥੋ ਤਕ ਹੋ ਸਕੇ ਸਵਛ ਹੋਵੇ ਤੇ ਜਿਨ੍ਹਾਂ ਏਕਾਤ ਮਿਲ ਸਕੇ, ਪ੍ਰਾਪਤ ਕੀਤਾ ਜਾਵੇ।
- ਸਰੀਰ ਇਸਨਾਨ ਜਾ ਪੰਜ ਇਸ਼ਨਾਨੇ ਨਾਲ ਸਵਛ ਕੀਤਾ ਜਾਏ।
- ਹੋਰ ਗਲਾਂ ਬਾਤਾਂ ਵਲੋਂ, ਪਾਠ-ਜਪ ਵੇਲੇ, ਚੁਪ ਹੋਵੇ।
- ਜੋ ਬਾਣੀ ਦਾ ਪਾਠ, ਮੂਲ ਮੰਤਰ ਦਾ ਜਾਪ ਜਾਂ ਨਾਮ ਜਪਣਾ ਹੈ ਉਸ ਦੇ ਭਾਵ ਵਿਚ ਸਮਝ ਤੇ ਸ਼ਰਧਾ ਹੋਣੀ ਚਾਹੀਦੀ ਹੈ।

## ਵਾਹਿਗੁਰੂ

ਵਾਹਿਗੁਰੂ ਨੂੰ ਅਸੀ ਵੇਖ ਨਹੀਂ ਸਕਦੇ। ਪਰਤੀਤ ਕਰ ਸਕਦੇ ਹਾਂ। ਸਾਰੇ ਪਦਾਰਥ ਜਿਨ੍ਹਾਂ ਨੂੰ ਅਸੀਂ ਵੇਖ ਸਕਦੇ ਹਾਂ ਉਹ ਬਿਨਸਨਹਾਰ ਹਨ, ਵਾਹਿਗੁਰੂ ਬਿਸਨਹਾਰ ਨਹੀ, ਇਸ ਵਾਸਤੇ ਅਸੀ ਉਸ ਨੂੰ ਕਿਵੇਂ ਵੇਖ ਸਕਦੇ ਹਾਂ ?

ਅਸੀ ਆਪਣੀ ਨਿਗਾਹ ਨਾਲ ਹੋਰਨਾਂ ਨੂੰ ਦੇਖਦੇ ਹਾਂ ਪਰ ਆਪਣੀ ਨਿਗਾਹ ਨੂੰ ਕਦੀ ਨਹੀਂ ਵੇਖਿਆ। ਪਰ ਅਸੀ ਇਹ

ਜਾਣਦੇ ਹਾਂ ਕਿ ਸਾਡੀ ਨਿਗਾਹ ਹੈ।

ਜੀਵਨ ਦਾ ਲਾਹਾ ਸਿਮਰਨ ਹੈ। ਸਿਮਰਨ ਦੀ ਕੋਈ ਕੀਮਤ ਨਹੀਂ ਪਾ ਸਕਦਾ। ਇਸ ਦੀ ਕੀਮਤ ਮਰ ਕੇ ਫੇਰ ਪਤਾ ਲਗੇਗੀ। ਜਿਨ੍ਹਾਂ ਨੇ ਸਿਮਰਨ ਨਹੀਂ ਕੀਤਾ ਉਹ ਮਰ ਕੇ ਪਛਤਾਉਣਗੇ ਤੇ ਜਿਨ੍ਹਾਂ ਨੇ ਸਿਮਰਨ ਕੀਤਾ ਹੈ, ਉਹ ਵੀ ਪਛਤਾਉਣਗੇ, ਕਿਉਂ ?

ਇਸ ਲਈ ਕਿ ਜਦ ਇਸ ਦੀ ਕੀਮਤ ਦਾ ਪਤਾ ਲਗੇਗਾ, ਕਿ ਇਹ ਮਹਾਨ ਕੀਮਤੀ ਤੇ ਅਮੋਲਕ ਸ਼ੈ ਹੈ, ਉਹ ਕਹਿਣਗੇ, ਜੇ ਸਿਰਮਨ ਦੀ ਏਡੀ ਕੀਮਤ ਸੀ ਤਾਂ ਅਸਾਂ ਹੋਰ ਸਿਰਮਨ ਕਿਉ ਨਾ ਕੀਤਾ ?

ਸਿਮਰਨ ਪਹਿਲਾਂ ਮੈਲ ਕੱਟਦਾ ਹੈ, ਇਸ ਵਾਸਤੇ ਇਸ ਵਿਚ ਪਹਿਲੇ ਦਿਲ ਨਹੀਂ ਲਗਦਾ। ਪਰ ਜਦ ਮਨ ਨਿਰਮਲ ਹੋ ਜਾਂਦਾ ਹੈ ਤਾਂ ਸਿਮਰਨ ਵਿਚ ਰਸ ਆਉਣ ਲਗਦਾ ਹੈ ਤੇ ਛਡਣ ਨੂੰ ਜੀਅ ਨਹੀਂ ਕਰਦਾ। ਜਿਹੜੇ ਪੰਜ ਮਿੰਟ ਵੀ ਰੋਜ਼ ਸਿਮਰਨ ਕਰਦੇ ਹਨ, ਜਾਂ ਕਰਨਗੇ ਉਨ੍ਹਾਂ ਨੂੰ ਹੀ ਦਰਗਾਹ ਵਿਚ ਸੁਹਣਾ ਸੁਖ ਮਿਲੇਗਾ।

ਵਾਹਿਗੁਰੂ ਜੀ ਨਾਲ ਪਿਆਰ ਪਾਉਣਾ ਹੈ। ਜਦ ਪਿਆਰਾ ਪਾਸ ਹੋਵੇ ਤਾਂ ਉਸ ਦੇ ਦੀਦਾਰ ਕਰੀਦੇ ਹਨ। ਜਦ ਉਹ ਵਿਥ ਤੇ ਹੋਵੇ ਤਾਂ ਉਸ ਨੂੰ ਯਾਦ ਕਰੀਦਾ ਹੈ। ਵਾਹਿਗੁਰੂ ਸਾਨੂੰ

ਨਜ਼ਰ ਨਹੀਂ ਆਉਂਦਾ ਇਸ ਵਾਸਤੇ ਉਸ ਨੂੰ ਯਾਦ ਕਰਨਾ ਹੈ। ਯਾਦ ਨਾਲ ਹਜ਼ੂਰੀ ਵਿਚ ਰਹਿਣਾ ਹੈ, ਜਿਸ ਤਰ੍ਹਾਂ ਮੱਛੀ ਪਾਣੀ ਵਿਚ ਰਹਿੰਦੀ ਹੈ। ਇਹੀ ਬਿਰਤੀ ਪਕਾਉਣੀ ਹੈ।

ਕਈ ਕਹਿੰਦੇ ਹਨ ਕਿ ਵਾਹਿਗੁਰੂ- ਵਾਹਿਗੁਰੂ ਕਰਨ ਦਾ ਕੀ ਫਾਇਦਾ ਹੈ ? ਇਹ (ਜੰਤਰਵਤ- ਬੁਧ ਰਹਿਤ) ਰਟਨ ਹੈ। ਇਹ ਗਲ ਠੀਕ ਨਹੀਂ। ਤਿਬਤ ਦੇ ਲੋਕ ਇਕ ਗੋਲ ਡੱਬੇ ਜਿਹੇ ਵਿਚ ਆਪਣੇ ਇਸ਼ਟ ਦਾ ਨਾਮ ਲਿਖ ਦੇ ਹਥਾਂ ਨਾਲ ਘੁੰਮਾਦੇ ਰਹਿੰਦੇ ਹਨ। ਉਹ ਤਾਂ (ਜੰਤ੍ਰਵਤ) ਹੋ ਸਕਦਾ ਹੈ ਪਰ ਸਾਡਾ 'ਵਾਹਿਗੁਰੂ- ਵਾਹਿਗੁਰੂ' ਕਰਨਾ ਕਦੇ ਜੰਤ੍ਰਵਤ ਨਹੀ ਹੋ ਸਕਦਾ। ਅਸੀ ਕੋਈ ਨਿਰਜਿੰਦ ਚੀਜ਼ ਨਹੀਂ ਹਾਂ। ਸਾਡੇ ਵਿਚ ਬੁੱਧੀ ਹੈ। ਵਾਹਿਗੁਰੂ ਵਾਹਿਗੁਰੂ ਕਰਨ ਦਾ ਸਾਡੇ ਮਨ ਉਤੇ ਹਰ ਹਾਲਤ ਅਸਰ ਹੁੰਦਾ ਹੈ।

## ਨਾਮ ਦੇਣਾ

ਨਾਮ ਕੇਵਲ 'ਦੇਵ ਗੁਰੂ' ਦੇ ਸਕਦਾ ਹੈ। ਜਦ ਸਾਡੇ ਸਤਿਗੁਰੂ ਸਨ, ਉਹ ਆਪਣਾ ਚਰਨ ਅੰਮ੍ਰਿਤ ਦੇ ਕੇ, ਨਾਮ ਦੇਂਦੇ ਸਨ। ਹੁਣ ਪੰਜ ਪਿਆਰੇ 'ਦੇਵ ਗੁਰੂ' ਹਨ। ਦੇਵ ਗੁਰੂ ਉਨ੍ਹਾਂ ਵਿਚ ਵਰਤਦਾ ਹੈ। ਪੰਜਾਂ ਵਿਚ ਪਰਮੇਸ਼ਰ ਹੁੰਦਾ ਹੈ। ਹੁਣ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ

ਵਿਚ ਸਾਨੂੰ ਅੰਮ੍ਰਿਤ ਛਕਾਉਣ ਵੇਲੇ ਨਾਮ ਦੇਂਦੇ ਹਨ ਤੇ ਰਹਤਿ ਮਰਿਯਾਦਾ ਵੀ ਦਸਦੇ ਹਨ।

## IV

## ਦੇਹ ਨੂੰ ਸਫਲ ਕਰਨਾ

ਅਸੀ ਜਗਤ ਉਤੇ ਆਪਣੀ ਅਤੇ ਹੋਰਨਾਂ ਦੀ ਵੀ ਮਦਦ ਕਰਨ ਲਈ ਆਏ ਹਾਂ। ਹੋਰਨਾਂ ਦੀ ਸੇਵਾ ਕਰ ਕੇ ਜੀਵਨ ਮੁਕਤ ਪੁਰਸ਼ ਆਪਣੀ ਦੇਹ ਨੂੰ ਸਫਲ ਕਰਦਾ ਹੈ। ਬਨਾਂ (ਜੰਗਲਾਂ) ਵਿਚ ਬੈਠ ਕੇ ਇਸ ਦੇਹੀ ਨੂੰ ਬੇਅਰਥ ਕਰ ਛਡਣਾ ਠੀਕ ਨਹੀਂ।

ਗੁਰੂ ਦੇ ਸਿੱਖ ਇਸ ਦੇਹ ਨੂੰ ਬੱਚੇ ਬੱਚੀਆਂ ਤੇ ਤ੍ਰੀਮਤਾਂ ਨੂੰ ਮੁਸ਼ਕਲ ਵਿਚੋਂ ਕਢਣ ਜਾਂ ਮੁਸਲਮਾਣਾਂ ਦੀ ਕੈਦ ਵਿਚੋਂ ਰਿਹਾ ਕਰਾਉਣ ਦੇ ਯਤਨਾਂ ਵਿਚ ਸਫਲ ਕਰਦੇ ਸਨ।

ਮਿਸਟਰ ਕਨਿੰਘਮ ਨੇ ਆਪਣੀ ਲਿਖੀ ਸਿਖਾਂ ਦੀ ਹਿਸਟਰੀ ਵਿਚ ਇਕ ਨਿਹੰਗ ਸਿੰਘ ਦਾ ਜ਼ਿਕਰ ਕੀਤਾ ਹੈ ਜੋ ਰੋਪੜ ਦੇ ਨੇੜੇ ਅਨੰਦਪੁਰ ਵਾਲੀ ਸੜਕ ਕੱਲਮੁਕੱਲਾ ਬਣਾਇਆ ਕਰਦਾ ਸੀ। ਸਿਮਰਨ ਕਰਕੇ ਉਸ ਨੂੰ ਇਹ ਪ੍ਰਤੀਤ ਹੋ ਆਈ ਸੀ ਕਿ ਵਾਹਿਗੁਰੂ ਮੇਰੇ ਨਾਲ ਹੈ। ਜਦ ਵਾਹਿਗੁਰੂ ਨਾਲ ਹੋਇਆ ਤਾਂ ਜੀਵਨ ਮੁਕਤ ਉਹ ਸੀ ਹੀ -

ਉਹ ਸੜਕ ਬਣਾਉਣ ਦੀ ਕਾਰੇ ਲਗ ਕੇ ਆਪਣੀ ਦੇਹ ਨੂੰ ਸਫਲ ਕਰ ਰਿਹਾ ਸੀ। ਪਿੰਡਾਂ ਦੇ ਲੋਕ ਉਸ ਦੇ ਖਾਣ ਨੂੰ ਰੋਟੀ ਆਪ ਹੀ ਲੈ ਆਉਂਦੇ ਸਨ।

ਭਾਈ ਸਾਹਿਬ ਨਾਮ ਸਿਮਰਨ ਬਾਰੇ ''ਰਾਣਾ ਸੂਰਤ ਸਿੰਘ'' ਵਿਚ ਇਸ ਤਰ੍ਹਾਂ ਲਿਖਦੇ ਹਨ :-

V

## ਨਾਮ ਜਪ

*ਪ੍ਰਭ ਦਾ ਅਸਾਂ ਸਰੂਪ ਹੈ ਨਹਿੰ ਦੇਖਿਆ,*
*ਔਪਰ ਉਸ ਦਾ ਨਾਮ ਹੈਵਾਂ ਜਾਣਦੇ।*
*ਏਸ ਨਾਮ ਨੂੰ ਚਿੱਤ ਅਸਾਂ ਵਸਾਵਣਾ,*
*ਜਿਸ ਦਾ ਹੈ ਹੁਣ ਮੁੱਢ ਕਰਨਾ ਦੇਹ ਤੋਂ।*
*ਦੇਹ ਤੋਂ ਨਾਮ-ਅਰੰਭ ਹੁੰਦਾ ਐਕੁਰਾਂ,*
*ਰਸਨਾਂ ਤੇ ਉਸ ਨਾਮ ਲਓ ਬਹਾਲ ਜੀ।*
*ਜਿਹਬਾ ਜਪਦੀ ਨਾਮ ਹੈ ਜਦ ਓਸ ਦਾ*
*ਭਾਵ ਰਿਦੇ ਦਾ ਓਸ ਪ੍ਰਭ ਵਲ ਰੱਖ ਕੇ,*
*ਸਹਿਜੇ ਸਹਿਜੇ ਏਹ ਅੰਤਰ-ਰੁਖ਼ ਕਰੇ,*
*ਰਸਨਾ ਤੋਂ ਤਦ ਨਾਮ ਮਨ ਵਿਚ ਜਾਂਵਦਾ।*

## ਨਾਮ ਨਿਵਾਸ

ਹਿਰਦੇ ਵਿੱਚ ਨਿਵਾਸ ਜਦ ਹੋ ਨਾਮ ਦਾ
ਸਿਮਰਣ ਇਸ ਨੂੰ ਰਾਜ ਤਦ ਫਿਰ ਆਖੀਏ।
ਫੁਰਨੇ ਮਨ ਦੇ ਆਣ ਇਸ ਨੂੰ ਰੋਕਦੇ
ਪਰ ਇਹ ਸਿਮਰਣ ਨਾਲ ਹੌਲੇ ਹੋਂਵਦੇ
ਸਿਮਰਣ ਕਰ ਕੇ ਜ਼ੋਰ ਫੁਰਨਿਆਂ ਉਪੱਰੇ
ਹਾਵੀ ਜਾਵੇ ਹੋਇ ਤਰਲੈ ਲੈਂਦਿਆਂ;
ਮਨ ਵਿਚ ਇਦ੍ਹਾ ਨਿਵਾਸ ਪੱਕਾ ਹੋਂਵਦਾ।
ਇਹ ਹੈ 'ਮਨ ਦਾ ਨਾਮ' ਰਾਣੀ ਰਾਜ ਜੀ।

## ਨਾਮ ਸਿਮਰਨ

ਜਿਉਂ ਜਿਉਂ ਧਰ ਕੇ ਭਾਵ ਪਜਾਰੇ ਰੱਬ ਦਾ
'ਨਾਮ ਸਿਮਰਦੇ ਜਾਉ ਰਾਣੀ ਰਾਜ ਜੀ!
'ਫੁਰਨਾ ਹੁੰਦਾ ਜਾਇ ਹੇਠਾਂ ਨਾਮ ਦੇ,
'ਨਾਮ ਸਿੰਜਰਦਾ ਜਾਇ ਡੂੰਘਾ ਅੰਦਰੇ;
'ਸੰਸਕਾਰ ਜਿਸ ਥਾਉਂ ਰਹਿੰਦੇ ਅੰਦਰੇ
'ਡੂੰਘਾ ਮਨ ਜਿਸ ਥਾਉਂ ਵਸਦਾ ਦੱਸਿਆ

'ਓਥੇ ਇਦ੍ਹਾ ਨਿਵਾਸ ਹੈ ਹੋ ਜਾਂਵਦਾ।
'ਪਤਾ ਨ ਲੱਗੇ ਏਹ ਕੀਕੂੰ ਹੋਂਵਦਾ,
'ਬੁਧਿ ਨਿਰਮਲ ਹੋ ਜਾਇ ਛਾਏ ਸੂੱਛਤਾ
'ਅੰਦਰ ਰਹੇ ਪ੍ਰਭਾਵ ਐਸਾ ਛਾਇਆ
'ਮਾਨੋ ਅਪਨਾ ਆਪ ਸੁਥਰਾ ਹੋ ਗਿਆ
'ਹੌਲਾ ਤੇ ਨਿਰਮੈਲ ਸੁੰਦਰ ਸੋਹਿਣਾ।
'ਨਾਮ ਨਾਲ ਫਿਰ ਬੁਧਿ ਉੱਚੀ ਉਠੱਦੀ
'ਮਨ ਤੋਂ ਉੱਚੀ ਹੋਇ ਹੈ ਏ ਜਾਂਵਦੀ।
ਜਾਪੇ ਅਪਣਾ ਆਪ ਉੱਚਾ ਹੋ ਗਿਆ।
'ਇਹ ਹੈ ਨਹੀਂ ਹੰਕਾਰ, ਏ ਸੁਧ ਉੱਚਤਾ,
'ਉਨਮਨ ਇਸ ਦਾ ਨਾਮ, ਚਾਹੇ ਆਖ ਲੌ।
'ਆਤਮ ਅਨੁਭਵ ਵੱਲ ਇਸ ਸੁਖ ਆਇਆਂ
'ਰੁਖ ਅੰਦਰ ਦਾ, ਰਾਜ ! ਵਧਦਾ ਜਾਂਵਦਾ।

## ਮੇਲ

ਰਸਨਾ ਜਪੇ ਜੁ ਨਾਮ ਉਸ ਤੋਂ ਆਦਿ ਲੈ
ਕਾਲ ਪੁਰਖ ਸੰਗ ਮੇਲ ਹੋਣੇ ਤੱਕ ਨੂੰ
ਕਹੀਏ ਰਾਣੀ ! ਨਾਮ ਗੁਰਮਤ ਦੇ ਵਿਖੇ॥

VI

# ਹਜ਼ੂਰੀ ਵਿਚ ਪਾਠ

I. ਕਿਤਨੇ ਹੀ ਸਿਖ ਇਸ ਵੇਲੇ ਮਿਲਦੇ ਹਨ ਜੋ ਬਾਣੀ ਪੜ੍ਹਦੇ ਹੀ ਨਹੀਂ ਪਰ ਜੋ ਪੜ੍ਹਦੇ ਹਨ ਉਨਾਂ ਵਿਚੋਂ ਬਹੁਤੇ ਇਹ ਕਹਿੰਦੇ ਸੁਣੀਂਦੇ ਹਨ ਕਿ ਬਾਣੀ ਪੜ੍ਹਨ ਵਿਚ ਦਿਲ ਨਹੀਂ ਲਗਦਾ: ਸੁਆਦ ਨਹੀਂ ਆਉਂਦਾ। ਉਹ ਕਹਿੰਦੇ ਹਨ ਨਿਤਨੇਮ ਕਰੀਦਾ ਹੈ, ਸੁਖਮਨੀ ਸਾਹਿਬ ਦਾ ਪਾਠ ਵੀ ਰੋਜ਼ ਦੂਏ ਦਿਨ ਮੁਕਾ ਲਈਦਾ ਹੈ, ਕਦੇ ਵਾਧੂ ਪਾਠ ਜਪੁਜੀ ਦੇ ਵੀ ਕਰੀਦੇ ਹਨ ਪਰ ਸੁਆਦ ਨਹੀਂ ਆਉਂਦਾ।

ਜੇ ਗੁਰੂ ਪਾਤਸ਼ਾਹ ਦੀ ਬਾਣੀ ਵੀਚਾਰੀਏ ਜਾਂ ਉਨਾਂ ਦੇ ਕਰਤਬਾਂ ਨੂੰ ਵਾਚੀਏ ਤਾਂ ਇਹ ਮੁਸ਼ਕਲ ਵੀ ਹਲ ਹੋ ਜਾਏ। ਗੁਰੂ ਨਾਨਕ ਪਾਤਸ਼ਾਹ ਨੇ ਸੁਲਤਾਨਪੁਰ ਦੇ ਕਾਜ਼ੀ ਅਤੇ ਨਵਾਬ ਦੀ ਜੋ ਭੁਲ ਦੂਰ ਕੀਤੀ ਸੀ ਕਿ ਉਹ ਦੋਵੇਂ ਨਿਮਾਜ਼ ਤਾਂ ਪੜ੍ਹਦੇ ਹਨ ਪਰ ਉਨ੍ਹਾਂ ਦੇ ਦਿਲ ਵਾਹਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਨਹੀਂ ਸਨ।

ਨਿਮਾਜ਼ ਪੜ੍ਹਨੀ, ਅਰਦਾਸ ਕਰਨੀ, ਪਾਠ ਕਰਨੇ, ਨਾਮ ਜਪਣਾ, ਕੀਰਤਨ ਆਦਿ ਸਾਰੇ ਕੰਮ ਪਰਮੇਸ਼ਰ ਵੱਨੇ ਸਨਮੁਖ

ਹੋ ਕੇ ਪ੍ਰੇਮ ਦੇ ਜਤਨ ਹਨ। ਵਾਹਿਗੁਰੂ ਜੀ ਦੀ ਹਜ਼ੂਰੀ ਤੋਂ ਬਿਨਾਂ ਇਹ ਜਤਨ ਬਾਹਿਰਮੁਖੀ ਦਿਸਦੇ ਤਾਂ ਹਨ ਪਰ ਮਨ ਆਪਣੇ ਆਪਣੇ ਤਰੰਗਾਂ ਵਿਚ ਝੂਲੇ ਲੁਟਦਾ ਰਹਿੰਦਾ ਹੈ। ਇਸ ਤਰ੍ਹਾਂ ਦਿਸਨ ਨੂੰ ਤਾਂ ਜਤਨ ਜ਼ਰੂਰ ਹੁੰਦੇ ਹਨ ਪਰ ਇਨ੍ਹਾਂ ਦੀ ਅੰਦਰੋਂ ਜਿੰਦ ਨਹੀਂ ਰਹਿੰਦੀ।

*ਪਰਥਾਇ ਸਾਖੀ ਮਹਾਂਪੁਰਖ ਬੋਲਦੇ ਸਾਂਝੀ ਸਗਲ ਜਹਾਨੈ ॥*

ਦੇ ਮਹਾਂਵਾਕ ਅਨੁਸਾਰ ਗੁਰੂ ਬਾਬੇ ਨੇ ਜੋ ਕੁਝ ਕਾਜ਼ੀ ਤੇ ਨਵਾਬ ਨੂੰ ਸਮਝਾਇਆ ਸੀ ਉਹ ਸਾਰੇ ਜਗਤ ਲਈ ਵੀ ਹੈ ਤੇ ਸਾਡੇ ਲਈ ਵੀ। ਜਦ ਅਸੀਂ ਇਹ ਸਾਖੀ ਪੜ੍ਹਦੇ ਹਾਂ ਤਾਂ ਬੜੇ ਖ਼ੁਸ਼ ਹੁੰਦੇ ਹਾਂ ਕਿ ਗੁਰੂ ਬਾਬੇ ਨੇ ਕਾਜ਼ੀ ਨੂੰ ਖ਼ੂਬ ਝਾੜ ਪਾਈ। ਜਾਂ ਇਹ ਕਿ ਧੰਨ ਹਨ ਗੁਰੂ ਬਾਬਾ ਜਿਨ੍ਹਾਂ ਨੇ ਅੰਤਰਯਾਮਤਾ ਨਾਲ ਜਾਣ ਲਿਆ ਕਿ ਨਮਾਜ਼ ਪੜ੍ਹਦਿਆਂ ਕਾਜ਼ੀ ਦਾ ਧਿਆਨ ਆਪਣੇ ਘਰ ਦੀ ਨਵੀਂ ਸੂਈ ਹੋਈ ਬਛੇਰੀ ਵਲ ਸੀ ਕਿ ਉਹ ਕਿਧਰੇ ਵਿਹੜੇ ਵਿਚਲੇ ਖੂਹ ਵਿਚ ਨਾਂਹ ਡਿਗ ਪਵੇ ਅਤੇ ਨਵਾਬ ਦਾ ਧਿਆਨ ਘੋੜੇ ਖਰੀਦਣ ਵਲ ਸੀ। ਪਰ ਗੁਰੂ ਬਾਬੇ ਦਾ ਉਸ ਸਮੇਂ ਦਿੱਤਾ ਉਪਦੇਸ਼ ਅਸੀਂ ਵੀਚਾਰਦੇ ਹੀ ਨਹੀਂ ਜਿਸ ਕਰਕੇ ਅਸੀਂ ਕਾਜ਼ੀ ਤੇ ਨਵਾਬ ਵਰਗੇ ਹੋ ਰਹੇ ਹਾਂ।

ਗੁਰੂ ਬਾਬਾ ਸਾਨੂੰ ਕਹਿ ਰਹੇ ਹਨ ਕਿ ਭਾਈ ਨਿਤਨੇਮ ਕਰੋ, ਬਾਣੀ ਪੜ੍ਹੋ ਪਰ ਰਬ ਜੀ ਦੀ ਹਜ਼ੂਰੀ ਵਿਚ। ਗੈਰ-

ਹਜ਼ੂਰੀ ਦੀ ਬਾਣੀ ਪੜ੍ਹ ਕੇ ਸੁਆਦ ਨਹੀਂ ਆਉਂਦਾ ਤਾਂ ਕਸੂਰ ਸਾਡਾ ਆਪਣਾ ਹੈ। ਜਦ ਵੀ ਬਾਣੀ ਪੜ੍ਹੋ, ਆਪਣੇ ਆਪ ਨੂੰ ਵਾਹਿਗੁਰੂ ਦੀ ਹਜ਼ੂਰੀ ਵਿਚ ਸਮਝੋ ਤੇ ਇਹ ਸਮਝੋ ਕਿ ਤੁਹਾਡੀ ਪੜ੍ਹੀ ਬਾਣੀ ਉਹ ਸੁਣ ਰਿਹਾ ਹੈ। ਇਹ ਸਮਝ ਕੇ ਦਿਲ ਬਾਣੀ ਵਿਚ ਲਾਈਏ ਕਿ ਜੋ ਹੁਣ ਸਾਡਾ ਦਿਲ ਉਡੇਗਾ, (ਧਿਆਨ ਹੋਰ ਪਾਸੇ ਜਾਏਗਾ) ਅਤੇ ਜੀਭ ਬਾਣੀ ਪੜ੍ਹੇਗੀ ਤਦ ਜਿਸ ਦੀ ਹਜ਼ੂਰੀ ਵਿਚ ਬਾਣੀ ਪੜ੍ਹਦੇ ਹਾਂ ਉਹ ਕਿਸ ਤਰ੍ਹਾਂ ਖੁਸ਼ ਹੋਵੇਗਾ ? ਉਸ ਨਾਲ ਮਨ ਕਿਵੇਂ ਜੁੜੇਗਾ ?

ਮਨ ਉਨ੍ਹਾਂ ਹੀ ਵਸਤਾਂ ਨਾਲ ਜੁੜੇਗਾ ਜਿਨ੍ਹਾਂ ਦਾ ਮਨ ਚਿੰਤਨ ਕਰ ਰਿਹਾ ਹੋਵੇਗਾ। ਜਿਨ੍ਹਾਂ ਵਸਤਾਂ ਦਾ ਮਨ ਚਿੰਤਨ ਕਰਦਾ ਹੈ ਉਨ੍ਹਾਂ ਦਾ ਹੀ ਅਸਰ ਇਸ ਉਪਰ ਪੈਂਦਾ ਹੈ। ਜੇ ਬਾਣੀ ਪੜ੍ਹਨ ਵੇਲੇ ਜਾਂ ਭਜਨ ਕਰਨ ਵੇਲੇ ਮਨ ਵਾਹਿਗੁਰੂ ਜੀ ਨਾਲ ਜੁੜੇਗਾ ਤਾਂ ਵਾਹਿਗੁਰੂ ਦੇ ਸਰੂਪ ਦਾ ਅਸਰ ਸ਼ਾਂਤੀ, ਠੰਢ, ਸੁਖ, ਆਤਮ ਖੇੜਾ, ਆਤਮ ਰਸ ਲੈ ਕੇ ਆਵੇਗਾ ਤੇ ਜੋ ਹੋਰਨਾਂ ਵਸਤਾਂ ਨਾਲ ਜੁੜੇਗਾ ਤਾਂ ਉਹਨਾਂ ਦਾ ਹੀ ਅਸਰ ਲੈ ਲਵੇਗਾ।

ਜੋ ਬਾਣੀ ਪੜ੍ਹਨ ਵੇਲੇ ਕਾਜ਼ੀ ਵਾਂਙ ਸੰਸਾਰਕ ਪਦਾਰਥਾਂ ਨਾਲ ਜੁੜੇਗਾ ਉਸ ਉਤੇ ਅਸਰ ਖਿੰਡਾਓ ਦਾ ਪਵੇਗਾ : ਤਾਂ ਤੇ ਵੀਚਾਰ ਕਰੋ ਤੇ ਸਮਝੋ ਕਿ ਅਜ ਗੁਰੂ ਨਾਨਕ ਸਾਹਿਬ ਕਹਿ

ਰਹੇ ਹਨ, 'ਹੇ ਮੇਰੇ ਸਿਖੋ ! ਹਜ਼ੂਰੀ ਦਾ ਭਜਨ, ਹਜ਼ੂਰੀ ਦਾ ਪਾਠ ਕਰੋ । ਜੇ ਮਨ ਧਾਂਵਦਾ ਹੈ, ਮਨ ਦੌੜਦਾ ਹੈ ਤਾਂ ਇਹ ਇਸ ਦਾ ਸੁਭਾਅ ਹੈ, ਇਸ ਨੂੰ ਵਰਜ, ਮੌੜ, ਬਾਣੀ ਦੇ ਅਰਥ ਵਲ ਲਾ । ਵੇਖ ! ਬਾਣੀ ਕੀ ਕਹਿੰਦੀ ਹੈ ?

ਬਾਣੀ ਤਾਂ ਵਾਹਿਗੁਰੂ ਜੀ ਦਾ ਜੱਸ ਕਰਦੀ ਹੈ । ਇਸ ਲਈ ਉਸ ਵਿਚ ਜੁੜ । ਨਾਮ ਬਾਣੀ ਦੇ ਪ੍ਰੇਮੀਆਂ ਦੀ ਸੰਗਤ ਕਰ ਜੋ ਉਹ ਦਸਣ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਆਪਣਾ ਮਨ ਹੌਲੀ - ਹੌਲੀ ਦੌੜਨਾ ਛਡਦਾ ਗਿਆ ਤੇ ਵਾਹਿਗੁਰੂ ਨਾਲ ਜੁੜਦਾ ਗਿਆ ਅਤੇ ਨਾਲ ਹੀ ਇਹ ਗੱਲਾਂ ਹਿਰਦੇ ਵਿਚ ਪੱਕੀ ਤਰ੍ਹਾਂ ਧਾਰਨ ਕਰੋ ਕਿ :-

1. ਵਾਹਿਗੁਰੂ ਹੈ : ਜ਼ਰੂਰ ਹੈ ।
2. ਚਾਹੇ ਉਹ ਮੈਨੂੰ ਦਿਸਦਾ ਨਹੀਂ ਕਿਉਂਕਿ ਮੇਰੇ ਆਤਮ-ਨੈਣ ਅਜੇ ਖੁੱਲ੍ਹੇ ਨਹੀਂ ।
3. ਖੁਲ੍ਹਣ ਦਾ ਤਰੀਕਾ ਬਾਣੀ ਅਤੇ ਭਜਨ ਹੈ ।

ਮੈਂ ਪਾਠ ਕਰਾਂ ਅਤੇ ਉਸ ਪਾਠ ਨੂੰ ਆਪ ਸੁਣਾਂ ਵੀ, ਕੀਰਤਨ ਕਰਾਂ, ਕੀਰਤਨ ਸੁਣਾਂ, ਭਜਨ ਵਿਚ ਬੰਦਗੀ ਵਿਚ ਲੱਗਾਂ ।

5. ਪਾਠ, ਕੀਰਤਨ, ਭਜਨ ਤੇ ਹਰ ਸਮੇਂ ਇਹ ਸਮਝਾਂ ਕਿ ਮੈਂ ਹਜ਼ੂਰੀ ਵਿਚ ਹਾਂ । ''ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ''

ਦੀ ਹਜ਼ੂਰੀ ਵਿਚ ਹਾਂ। ਉਹ ਮੇਰੀ ਅਰਦਾਸ ਸੁਣ ਰਿਹਾ ਹੈ ; ਮੈਂ ਹੁਣ ਉਸ ਦੇ ਭੈ ਵਿਚ, ਪ੍ਰੇਮ ਵਿਚ, ਉਸ ਦੇ ਹਜ਼ੂਰ ਸਾਰਾ ਹਾਜ਼ਰ ਰਹਾਂ ਅਤੇ ਅਰਦਾਸ ਕਰਾਂ। ਜੇ ਮਨ ਉਡੇ ਤਾਂ ਰੋਕਾਂ। ਨ ਰੁਕੇ ਤਾਂ ਫੇਰ ਰੋਕਾਂ, ਰੋਕਣ ਲਈ ਅਰਦਾਸ ਕਰਾਂ, ਗੁਰੂ ਬਾਬੇ ਨਾਨਕ ਅੱਗੇ ਅਰਦਾਸ ਕਰਾਂ ਕਿ ਜਿਵੇਂ ਆਪ ਨੇ ਕਾਜ਼ੀ ਅਤੇ ਨਵਾਬ ਨੂੰ ਹਜ਼ੂਰੀ ਦਾਨ ਕੀਤੀ ਸੀ ਮੈਨੂੰ ਵੀ ਹਜ਼ੂਰੀ ਦਾਨ ਕਰੋ। ਤੁਸੀਂ ਸਦਾ ਜੀਉਂਦੇ ਹੋ, ਦੇਹੀ ਵਿਚ ਕਿ ਦੇਹੀ ਤੋਂ ਬਾਹਿਰ, ਤੁਸੀਂ ਸਾਡੇ ਨਾਲ ਹੋ, ਜਾਗਤੀ ਜੋਤ ਹੋ। ਜਿਵੇਂ ਉਦੋਂ ਤਰੁਠੇ ਸਾਓ ਅਜ ਮੇਰੇ ਤੇ ਤਰੁਠੋ, ਮੈਨੂੰ ਹਜ਼ੂਰੀ ਵਿਚ ਹਾਜ਼ਰ ਹੋ ਕੇ ਅਰਦਾਸ ਕਰਨੀ, ਬਾਣੀ ਪੜ੍ਹਨੀ, ਭਜਨ ਕਰਨਾ ਦਾਨ ਕਰੋ। ਤੁਸੀਂ ਦਇਆਲੂ ਹੋ, ਦੀਨ ਦਇਆਲ ਹੋ, ਤੁਸੀਂ ਗੁਰੂ ਹੋ, ਮੈਂ ਸਿਖ ਹਾਂ, ਚਾਹੇ ਨਾਮਧਰੀਕ ਸਿਖ ਹਾਂ ਪਰ ਗੁਰੂ ਬਾਬਾ! ਤੇਰਾ ਸਿਖ ਹਾਂ ; ਮੈਨੂੰ ਆਪਣੇ ਨਾਮ ਦੇ ਸਦਕੇ ਹਜ਼ੂਰੀ ਦਾ ਪਾਠ, ਹਜ਼ੂਰੀ ਦੀ ਅਰਦਾਸ, ਹਜ਼ੂਰੀ ਦਾ ਭਜਨ ਦਾਨ ਕਰੋ।

ਜੇ ਮਨ ਅਜੇ ਵੀ ਆਖੇ ਨ ਲੱਗੇ, ਲੁੱਤ ਘੁਤੀਆਂ ਮਾਰੇ ਤਦ ਬੰਦਗੀ ਵਾਲੇ ਗੁਰੂ ਪਿਆਰੇ ਗੁਰਸਿੱਖਾਂ ਅੱਗੇ ਆਪਣਾ ਦੁਖ ਦੱਸੋ ਕਿ ਮੇਰੇ ਗੁਰੂ ਦੇ ਪਿਆਰੇ ਜੀਓ! ਮੈਨੂੰ ਦਸੋ ਕਿ ਕਿਵੇਂ ਹਜ਼ੂਰੀ ਵਿ ਪਾਠ ਕਰਿਆ ਕਰਾਂ ; ਭਜਨ ਅਰਦਾਸ

ਵੇਲੇ ਮੈਂ ਗੈਰ-ਹਜ਼ੂਰੀਆ ਨ ਹੋਵਾਂ ; ਮੇਰੇ ਗੈਰ ਹਜ਼ੂਰੀ ਦੇ ਰੋਗ ਦਾ ਉਪਰਾਲਾ ਕਰੋ ਜਿਵੇਂ ਮੈਨੂੰ ਹਜ਼ੂਰੀ ਪ੍ਰਾਪਤ ਹੋਵੇ। ਇਸ ਤਰ੍ਹਾਂ ਸਤਿਸੰਗ ਦੀ ਮਦਦ ਲਓ।

ਆਪ ਜਤਨ ਕਰੋ, ਬਾਹਿਰ ਜਾਂਦਾ ਮਨ ਵਰਜੋ, ਇਸ ਨੂੰ ਹੋੜੋ, ਮਤ ਦਿਓਸੁ ਕਿ ਹੇ ਸਦਾ ਹਿਲਣੇ ਤੇ ਨਾਂਹ ਟਿਕਵੇ! ਹੁਣ ਮੈਂ ਸ਼ਹਿਨਸ਼ਾਹਾਂ ਦੇ ਸ਼ਾਹ, ਕੋਟਿ ਬ੍ਰਹਮੰਡ ਦੇ ਠਾਕੁਰ ਅੱਗੇ ਅਰਦਾਸ ਲੈ ਕੇ ਆਇਆ ਹਾਂ, ਹੁਣ ਸਾਰਾ ਢਹਿ ਪਉ ਉਸ ਦੀ ਸ਼ਰਨ ; ਛਡ ਸੰਕਲਪ-ਵਿਕਲਪ, ਆਸ-ਅੰਦੇਸੇ ਤੇ ਇਹ ਉਡਾਰੀਆਂ ਤੇਰਾ ਆਪਣਾ ਘਾਤ ਦਾ ਕਾਰਨ ਹਨ। ਏਹੜ ਤੇਹੜ ਛਡ ਕੇ ਹਜ਼ੂਰੀ ਦੇ ਘਰ ਵਿਚ ਆ ਕੇ ਅਰਦਾਸ ਕਰ ਤਾਂ ਜੁ ਰਬ ਸੁਣੇ ਤੇ ਤੇਰਾ ਭਉਜਲ ਤਰਿਆ ਜਾਵੇ।

ਇਸ ਤਰ੍ਹਾਂ ਜਾਂ ਜਿਵੇਂ ਹੀ ਬਣ ਪਵੇ, ਸਹਿਜੇ-ਸਹਿਜੇ ਭਾਵੇਂ ਛੇਤੀ, ਜਿਵੇਂ ਵਾਹਿਗੁਰੂ ਬਖਸ਼ੇ, ਹਜ਼ੂਰੀ ਦਾ ਸਬਕ ਪਕਾਓ, ਹਜ਼ੂਰੀ ਵਿਚ ਹੋ ਕੇ ਅਰਜ਼ਾਂ ਕਰੋ। ਸਦਾ ਪਾਠ ਵੇਲੇ ਸਮਝੋ ਕਿ ਵਾਹਿਗੁਰੂ ਹੈ। ਵਾਹਿਗੁਰੂ ਮੇਰੇ ਹਾਜ਼ਰ-ਹਜ਼ੂਰ ਹੈ! ਮੇਰੀ ਅਰਜ਼ ਸੁਣ ਰਿਹਾ ਹੈ ਅਤੇ ਇਹ ਜੋ ਬਾਣੀ ਪੜ੍ਹਦਾ ਹਾਂ ਉਹ ਸੁਣਦਾ ਹੈ ਤੇ ਫਲ ਲਾਏਗਾ।

## VII

ਇਕ ਸਮੇਂ ਦਿੱਲੀ ਵਿਚ ਆਪ ਨੇ ਇਹ ਬਚਨ ਸੁਣਾਇਆ

ਕਿ ਇਕ ਸੱਜਨ ਜਿਸ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੰਗਤ ਕੀਤੀ ਸੀ, ਸਾਨੂੰ ਮਿਲਿਆ ਤੇ ਕਹਿਣ ਲੱਗਾ ਕਿ ਜੀ, ਮੇਰਾ ਮਨ ਅੰਮ੍ਰਿਤ ਬਾਣੀ ਦੇ ਪਾਠ ਵਿਚ ਨਹੀਂ ਲਗਦਾ, ਹੁਣ ਦਸੋ ਜੀ ਪਾਠ ਕਰਨ ਦਾ ਕੀ ਫਾਇਦਾ ?

ਅਸਾਂ ਕਿਹਾ ਕਿ ਜੇ ਤੁਸੀਂ ਅੱਧਾ ਘੰਟਾ ਪਾਠ ਕਰੋ ਤਾਂ ਘੱਟੋ ਘੱਟ ਪੰਜ ਮਿੰਟ ਤਾਂ ਜ਼ਰੂਰ ਤੁਹਾਡਾ ਮਨ ਲਗਦਾ ਹੋਵੇਗਾ ?

ਉਸ ਨੇ ਕਿਹਾ, ਹਾਂ ਇਹ ਤਾਂ ਠੀਕ ਹੈ।

ਭਾਈ ਸਾਹਿਬ ਜੀ ਨੇ ਕਿਹਾ ਕਿ ਤੁਸੀਂ ਮਨ ਦਾ ਖਿਆਲ ਛੱਡ ਦਿਓ, ਲਗੇ ਰਹੋ ਨਿਤਨੇਮ ਦੇ ਪਾਠ ਵਿਚ, ਚਾਹੇ ਜਿਤਨਾ ਭੀ ਮਨ ਲਗੇ ; ਪੰਜ ਪੰਜ ਮਿੰਟ ਤੁਹਾਡੇ ਖਾਤੇ ਵਿਚ ਰੋਜ਼ (ਜਮਾਂ) ਹੁੰਦੇ ਜਾਣਗੇ। ਕਦੇ ਸਮਾਂ ਆਵੇਗਾ ਕਿ ਇਹ ਵਧਦਾ-ਵਧਦਾ ਕਿਤਨੇ ਘੰਟੇ ਤੇ ਫਿਰ ਕਿਤਨੇ ਦਿਨ ਬਣ ਜਾਵੇਗਾ। ਜਿਉਂ-ਜਿਉਂ ਵਧੇਗਾ, ਤੁਹਾਡਾ ਮਨ ਸੁਖੀ ਹੋਵੇਗਾ, ਮੈਲ ਕਟੀਂਦੀ ਜਾਇਗੀ ਤੇ ਮਨ ਸ੍ਵੱਛ ਹੁੰਦਾ ਜਾਏਗਾ।

ਉਸ ਸਜਨ ਨੇ ਆਖਿਆ ਕਿ ਮੈਂ ਅਗੇ ਇਸ ਪਾਸੇ ਕਦੇ ਧਿਆਨ ਨਹੀਂ ਸੀ ਕੀਤਾ, ਹੁਣ ਮੈਂ ਇਸ ਪਾਸੇ ਲਗਾਂਗਾ ਤੇ ਆਪਣੇ ਰਸਤੇ ਟੁਰਿਆ ਜਾਵਾਂਗਾ।

## VIII

ਵਾਹਿਗੁਰੂ ਨੂੰ ਹਾਜ਼ਰਾ ਹਜ਼ੂਰ ਜਾਣੀਏ। ਟੁਰਦੇ ਫਿਰਦੇ ਖਿਆਲ ਰਖੀਏ ਕਿ ਉਹ ਅਸਾਂ ਦੇ ਨਾਲ ਹੈ। ਨਿਤ ਨੇਮ ਦੀ ਬਾਣੀ ਪੜ੍ਹੀਏ। ਪਾਠ ਐਉਂ ਕਰੀਏ ਕਿ ਗੁਰੂ ਸੁਣਦਾ ਹੈ ਤੇ ਅਸੀਂ ਸੁਣਾ ਰਹੇ ਹਾਂ। ਵਿਹਲਾ ਵਕਤ ਸੰਕਲਪਾਂ ਵਿਕਲਪਾਂ ਵਿਚ ਨਾ ਰੋਹੜੀਏ। ਸਾਈਂ ਨੂੰ ਐਉਂ ਕਰਕੇ ਸਿਮਰਦੇ ਰਹੀਏ, ਹੇ ਗੁਰੂ ਨਾਨਕ ਧੰਨਯ ਹੈਂ। ਯਾ ਹੇ ਵਾਹਿਗੁਰੂ ਜੀ! ਅਸੀਂ ਤੇਰੇ ਹਾਂ, ਯਾ ਜਪੁ ਸਾਹਿਬ ਦੀ ਪਹਿਲੀ ਪਉੜੀ ਪੜ੍ਹਦੇ ਰਹੀਏ। ਜਿੰਨਾ ਬਣ ਪਵੇ ਵਿਹਲਾ ਸਮਾਂ ਨਾ ਜਾਵੇ ਅਤੇ ਵਾਹਿਗੁਰੂ ਨੂੰ ਹਜ਼ੂਰ ਜਾਣੀਏ। ਹਜ਼ੂਰੀ ਵਿਚ ਵਸੀਏ। ਲਗ ਪਇਆਂ, ਟੁਰ ਪਿਆਂ ਗੁਰੂ ਮਿਹਰ ਕਰਦਾ ਹੈ ਅਰ ਓਹ ਮਿਹਰ ਪਾਲਦੀ ਹੈ।

ਬਾਣੀ ਦਾ ਪਿਆਰ ਨਾਲ ਪਾਠ ਪਿਆਰੇ ਗੁਰੂ ਨਾਨਕ ਦੇ ਸਾਹਮਣੇ ਕਰਨਾ, ਟੁਰਦੇ ਫਿਰਦੇ ਵਿਹਲੇ ਵਕਤਾਂ ਵਿਚ 'ਧੰਨ ਗੁਰੂ ਨਾਨਕ!' ਉਚਾਰਨਾ ਅਰ ਮਾੜਾ ਜਿਹਾ ਖਿਆਲ ਨੁਕਤੇ ਵਲ ਰਖਣਾ ਕਿ ਸਾਡੇ ਸਿਰ ਤੇ ਦਾਤਾ ਹੈ। ਬਸ ਇਹ ਕਰਤੱਵ ਕਰੀ ਚਲੀਏ, ਮਿਹਰ ਕਰਨ ਵਾਲਾ ਸਤਿਗੁਰ ਆਪੇ ਤੁਠਦਾ ਰਹਿੰਦਾ ਹੈ। ਡਰਨਾ ਨਹੀਂ ਚਾਹੀਦਾ, ਇਹ ਲੰਮੀ ਖੇਡ ਹੈ।

ਥੋੜਾ ਵਿਦਵਾਨ ਤਾਂ ਕਦੇ ਹੁੰਦਾ ਹੈ, ਪਰ ਸਬਕ ਰੋਜ਼ ਪਕਾਂਦਾ ਹੈ ਅਤੇ ਸਬਕ ਪਕਾਣੇ ਕਰਕੇ ਮਾਪੇ ਤੇ ਉਸਤਾਦ ਖੁਸ਼ ਹੁੰਦੇ ਹਨ। ਇਹ ਸੋਚ ਨਹੀਂ ਕਰਨੀ ਚਾਹੀਦੀ ਕਿ ਮਨ ਨਹੀਂ ਲਗਦਾ, ਮਨ ਲਗੇ ਯਾ ਨਾ, ਸਬਕ ਪਕਾਈ ਚਲੀਏ। ਆਪੇ ਫਿਰ ਲਗਦਾ ਹੈ ਅਰ ਮਨ ਵਿਚ ਮਾਣ ਰਖੀਏ ਕਿ ਸਾਡੇ ਸਿਰ ਤੇ ਕਿਸੇ ਦਾਂ ਹੱਥ ਹੈ :-

*"ਸਿਰ ਊਪਰਿ ਠਾਢਾ ਗੁਰ ਸੂਰਾ,*
*ਨਾਨਕ ਤਾ ਕੇ ਕਾਰਜ ਪੂਰਾ।"*

## IX

ਸਤਿਗੁਰ ਕੰਮਾਂ ਪੁਰ ਨਹੀਂ ਰੀਝਦਾ - ਕੰਮ ਸ਼ੁਭ ਕਰੋ। ਸਿਮਰਨ ਪਰ ਰੀਝਦਾ ਹੈ। ਮੌਤ ਤੋਂ ਨਹੀਂ ਡਰਨਾ- ਮੌਤ ਕੀ ਚੀਜ਼ ਹੈ ? ਅਸਲ ਵਿਚ ਮਰਦਾ ਕੁਝ ਨਹੀਂ, ਕੇਵਲ ਚੋਲਾ ਵਟੀਂਦਾ ਹੈ। ਸਤਿਗੁਰ ਦੇ ਪਿਆਰੇ ਮਰ ਕੇ ਸੁਖ ਪਾਂਦੇ ਹਨ। ਮਰ ਕੇ ਅੱਗੇ ਸੁੰਞ ਨਹੀਂ ਹੈ, ਅਗੇ ਸਤਿਗੁਰ ਨਾਨਕ ਦਾ ਸਤਿਸੰਗ ਹੈ। ਚੰਗੇ ਚੰਗੇ ਪਿਆਰੇ ਦੁਨੀਆ ਦੇ ਸਾਕਾਂ- ਸੰਗਾਂ ਤੋਂ ਵੱਧ ਚੰਗੇ ਪ੍ਰੀਤਮ ਜੀ ਦੇ ਸਤਿਸੰਗੀਆਂ ਵਿਚ ਵਾਸਾ ਹੁੰਦਾ ਹੈ। ਪਰ ਮੌਤ ਮੰਗੀਦਾ ਭੀ ਨਹੀਂ। ਆਵੇ ਤਾਂ ਡਰੀਦਾ ਵੀ ਨਹੀਂ। ਨਾ ਆਵੇ ਤਾਂ ਚੇਤੇ ਨਹੀਂ ਕਰੀਦਾ।

ਕਰੀਦਾ ਇਹ ਹੈ ਕਿ ਆਪਣੀ ਹੁਣ ਸੰਭਾਲੀ ਦੀ ਹੈ- ਜੋ

ਸਮਾਂ ਸਾਨੂੰ ਮਿਲਿਆ ਹੈ, ਇਸ ਵਿਚ ਹਰ ਪਲ ਅਸੀਂ ਬਾਣੀ ਯਾ ਨਾਮ ਦੇ ਅਧਾਰ ਨਾਲ ਬਤੀਤ ਕਰੀਏ- ਸਤਿਗੁਰ ਸਿਰ ਤੇ ਹੈ ਅਰ ਉਹ ਸਦਾ ਸਹਾਈ ਹੈ :-

*''ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ,*
*ਸੁਖ ਸਹਜ ਸੇਤੀ ਘਰਿ ਜਾਤੇ ।''*

ਸਤਿਗੁਰ ਦਾਤਾ ਮਿਹਰ ਕਰਨ ਹਾਰਾ ਹੈ- ਕੀਰਤਨ ਕਰਨਾ ਬਹੁਤ ਚੰਗਾ ਹੈ- ਇਹ ਸਾਧਨ ਸਾਨੂੰ ਵਾਹਿਗੁਰੂ ਨਾਲ ਜੋੜਦਾ ਹੈ ।

X

ਮਨ ਨੂੰ ਜਨਮਾਂ ਦੀ ਮੈਲ ਹੈ । ਫਿਰ ਇਹ ਜਾਮਾ ਪਾ ਕੇ ਅਸੀਂ ਮਾੜੇ ਕੰਮ ਕੀਤੇ ਹਨ । ਫੇਰ ਉਹਨਾਂ ਕਰਮਾਂ ਦਾ ਆਪਣੇ ਮਨ ਨਾਲ ਕਰਾਰ ਕਰਕੇ ਰੱਬ ਤੋਂ ਭੁਲ ਨਹੀਂ ਬਖਸ਼ਾਈ, ਨਾਂਹ ਕਦੇ ਪਰਮੇਸ਼ਰ ਅਗੇ ਨਾਂਹ ਗੁਰੂ ਅੱਗੇ ਸੱਚੇ ਦਿਲੋਂ ਮੰਨਿਆ ਹੈ ਕਿ ਅਸੀਂ ਮਾੜੇ ਕੰਮ ਕੀਤੇ ਹਨ ਤੇ ਬਖਸ਼ੇ ਜਾਣ । ਉਨ੍ਹਾਂ ਦੀ ਮੈਲ ਸੁਰਤਿ ਵਿਚ ਪਰਦਾ ਬਣਕੇ ਰਹਿੰਦੀ ਹੈ ।

ਸੋ ਬਾਣੀ ਜੋ ਦਸੀ ਹੈ ਉਹ ਪੜ੍ਹਨੀ ਤੇ ਨਾਮ ਸਿਮਰਨ ਕਰਨਾ ਇਹ ਮੈਲ ਕਟ ਰਿਹਾ ਹੈ- ਖਾਲੀ ਨਹੀਂ ਜਾ ਰਿਹਾ । ਜਿਸ ਦਿਨ ਕਟ ਗਈ ਸੁਖ ਦੇ ਝਲਕੇ ਵਜਦੇ ਹਨ ।

ਸੁਰਤਿ- ਚੜ੍ਹੀ ਉਡੀ ਨਾਂਹ ਤਕੋ, ਇਹ ਤਕਿਆਂ ਭੁਲ

ਵਿਚ ਪਈਦਾ ਹੈ। ਪਹਿਲੇ ਤਕੀਦਾ ਹੈ ਕਿ ਬਾਣੀ ਪੜ੍ਹ ਲਈ ਹੈ ਤੇ ਹਰ-ਦਮ ਸਾਂਈ ਦੇ ਨਾਮ ਵਿਚ ਜਾਂਦਾ ਹੈ। ਸੁਵਾਦ ਨਹੀਂ ਪਹਿਲੇ ਤਕੀਦਾ। ਪਹਿਲੋਂ ਕਮਾਈ ਤੇ ਘਾਲ ਤਕੀਦਾ ਹੈ- ਹਰਦਮ ਰੱਬ ਦੇ ਨਾਂ ਵਿਚ ਬੀਤੇ- ਦਮ ਖਾਲੀ ਨਾ ਜਾਵੇ, ਕੇਵਲ ਇਹ ਗਲ ਤਕੋ।

ਦੂਜੇ ਸਤਿਸੰਗ ਪ੍ਰਾਪਤ ਹੈ, ਇਸ ਦਾ ਸ਼ੁਕਰ ਕਰੋ। ਸਤਿਸੰਗ ਨੂੰ ਪਿਆਰ ਕਰੋ ਤੇ ਸਭ ਤੋਂ ਵੱਧ- ਪਿਆਰ ਕਰੋ- ਜੋ ਅੱਖਾਂ ਦੇ ਕੋਲ ਹੈ ਪਰ ਤੁਹਾਡੇ ਭਲੇ ਵਿਚ ਹੈ; ਕਿਉਂਕਿ ਨਾਮ ਪਕੇਗਾ ਤਾਂ ਰਸ ਪਏਗਾ, ਜਿਸ ਵੇਲੇ ਰਸ ਆਵੇ ਉਸ ਵੇਲੇ ਨੂੰ ਕਹਿੰਦੇ ਹਨ ਕਿ ਸੁਰਤਿ ਚੜ੍ਹੀ ਹੋਈ ਹੈ। ਹੋਰ ਕੋਈ ਗਲ ਨਹੀਂ।

ਜਦ ਚਿੱਤ ਉਦਾਸ, ਛਿਥਾ, ਲੜਨਹਾਰਾ ਹੁੰਦਾ ਹੈ ਤਾਂ ਕਹੀਦਾ ਹੈ ਕਿ ਸੁਰਤਿ ਢਠੀ ਹੋਈ ਹੈ- ਘਬਰਾਓ ਨਹੀਂ, ਲਗੇ ਰਹੋ, ਗੁਰੂ ਭਲੀ ਕਰੇਗਾ - ਗੁਰੂ ਜੀ ਨੂੰ ਸਭ ਪੁਤ ਪਿਆਰੇ ਹਨ ਅਤੇ ਸਾਰੇ ਬਾਲ ਲਾਡਲੇ ਹਨ, ਉਹ ਸਾਰਿਆਂ ਨੂੰ ਪਿਆਰ ਕਰਦਾ ਹੈ... ਸ਼ੁਕਰ ਕਰੋ।

**ਨੋਟ :-** ਇਹ ਉਪਰਲਾ ਸਾਰਾ ਮੈਟਰ ਭਾਈ ਸਾਹਿਬ ਭਾ : ਵੀਰ ਸਿੰਘ ਜੀ ਦੇ ਬਚਨਾਂ ਅਤੇ ਰਚਨਾਂ ਵਿਚੋਂ ਪ੍ਰਚਾਰ ਹਿਤ ਧੰਨਵਾਦ ਸਹਿਤ ਲਿਆ ਗਿਆ ਹੈ।

ਪ੍ਰਾਰਥਕ

# ਸੂਚਨਾ

ਗੁਰਮਤਿ ਪ੍ਰਚਾਰ ਸਭਾ ਵਲੋਂ ਛਪਿਆ ਕੁਝ ਲਿਟ੍ਰੇਚਰ :-

1. ਹਰ ਗੁਰਸਿੱਖ ਦੇ ਪੜ੍ਹਨ ਯੋਗ ਪੁਸਤਕ 'ਅੰਮ੍ਰਿਤ ਵੇਲਾ' ਲਿਖਤ ਡਾ: ਤੇਜਿੰਦਰ ਸਿੰਘ ਜੀ, ਰਿਆਇਤੀ ਮੁੱਲ = 10/- ਰੁ:
2. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ-ਨਾਮ' = 5/- ਰੁ:
3. ਰੂਹਾਂ ਸੰਬੰਧੀ ਅਮਰੀਕਨ ਲੇਖਿਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ (A world beyond) ਦਾ ਕੁਝ ਸੰਖੇਪ ਪੰਜਾਬੀ ਅਨੁਵਾਦ, 'ਅਬਿਨਾਸ਼ੀ ਲੀਲ੍ਹਾ' ਦੂਜੀ ਐਡੀਸ਼ਨ = 7/- ਰੁ:
4. ਨਿਤਨੇਮ ਕਰਨ ਵਾਲਿਆਂ ਲਈ ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਪਾਠ ਕਰਦਿਆਂ ਨਾਲ ਦੀ ਨਾਲ ਅਰਥ ਸਹਿਜੇ ਹੀ ਵੇਖੇ ਜਾ ਸਕਣ। = 5/- ਰੁ:
5. ਜਪੁਜੀ, ਰਹਰਾਸਿ, ਸੋਹਿਲਾ ਅਤੇ ਅਰਦਾਸ ਦਾ ਮੋਟੇ ਅਖਰਾਂ ਵਿੱਚ ਗੁਟਕਾ ਕੁਝ ਸ਼ੁੱਧ ਉਚਾਰਨ ਸੰਕੇਤਾਂ ਸਹਿਤ = 4/- ਰੁ:
6. ਕੁਝ ਧਾਰਮਕ ਰਹੁ ਰੀਤਾਂ ਦੀ ਜਾਣਕਾਰੀ = 2/- ਰੁ:
7. ਚੌਪਈ ਪਾ: ੧੦ ਅਤੇ ਕਬਿਯੋਵਾਚ ਬੇਨਤੀ ਚੌਪਈ ਅਰਥਾਂ ਸਹਿਤ = 2/- ਰੁ:
8. ਇਹ ਅਤੇ ਹਰ ਮਹੀਨੇ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਉਤੇ ਛਪਣ ਵਾਲੇ ਟ੍ਰੈਕਟ = 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਮਨੀ ਆਰਡਰ ਜਾਂ ਬੈਂਕ ਡਰਾਫਟ ਸ੍ਰ: ਦੀਦਾਰ ਸਿੰਘ, C-129/-, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜਿਆ ਜਾਏ। ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖ਼ਸ਼ ਕਾਲੋਨੀ, ਗਲੀ ਨੰ: 6, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਦਰਸ਼ਨ ਦਿਓ।

ਪ੍ਰਾਰਥਕ